ਸੇਵਾ ਵਿਖੇ

1. ਡਾਇਰੈਕਟਰ,
   ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
   ਪੰਜਾਬ, ਚੰਡੀਗੜ੍ਹ;
2. ਡੀ.ਪੀ.ਆਈ (ਕਾਲਜਿਜ),
   ਪੰਜਾਬ, ਚੰਡੀਗੜ੍ਹ।
3. ਡੀ.ਪੀ.ਆਈ (ਸਕੂਲਜ਼),
   ਸਾਹਿਬਜਾਦਾ ਅਜੀਤ ਸਿੰਘ ਨਗਰ
   ਮੋਹਾਲੀ।
4. ਡਾਇਰੈਕਟਰ,
   ਖੋਜ ਅਤੇ ਮੈਡੀਕਲ ਸਿਖਿਆ ਵਿਭਾਗ,
   ਪੰਜਾਬ,ਚੰਡੀਗੜ੍ਹ;
5. ਡਾਇਰੈਕਟਰ,
   ਐਸ.ਸੀ.ਈ.ਆਰ.ਟੀ,
   ਚੰਡੀਗੜ੍ਹ।
6. ਡਾਇਰੈਕਟਰ,
   ਪਸ਼ੂ ਪਾਲਣ ਵਿਭਾਗ, ਪੰਜਾਬ,
   ਚੰਡੀਗੜ੍ਹ।
7. ਡਾਇਰੈਕਟਰ,
   ਖੇਤੀ ਬਾੜੀ ਵਿਭਾਗ,
   ਪੰਜਾਬ, ਚੰਡੀਗੜ੍ਹ।
8. ਇੰਨਫਰਮੈਟਿਕ ਅਫਸਰ,
   ਐਨ.ਆਈ.ਸੀ, ਕਮਰਾ ਨੰ. 109,
   ਮਿੰਨੀ ਸਕੱਤਰੇਤ, ਚੰਡੀਗੜ੍ਹ।

ਮੀਮੋ ਨੰ: ਸ-17/ 1180-87.
ਮਿਤੀ, ਚੰਡੀਗੜ੍ਹ 12-1-15

ਵਿਸ਼ਾ: ਸਕਾਲਰਸ਼ਿਪ ਪੋਰਟਲ 2014-15 ਸਬੰਧੀ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਅਧੀਨ ਸਾਲ 2014-15 ਦੌਰਾਨ ਆਸ਼ੀਰਵਾਦ ਪੋਰਟਲ ਤੇ ਵਿਦਿਆਰਥੀਆਂ ਦੇ ਸਕਾਲਰਸ਼ਿਪ ਲਈ ਮਿਤੀ 31-12-2014 ਨੂੰ ਡਾਇਰੈਕਟਰ, ਭਲਾਈ ਵੱਲੋਂ, ਲਾਗੂਕਰਤਾ ਵਿਭਾਗਾਂ ਨਾਲ ਹੋਈ ਮੀਟਿੰਗ ਦੇ ਆਧਾਰ ਤੇ ਸਕੱਤਰ ਭਲਾਈ ਜੀ ਵੱਲੋਂ ਹੋਏ ਹੁਕਮਾਂ ਅਨੁਸਾਰ, ਆਪ ਦੇ ਵਿਭਾਗ ਅਧੀਨ ਆਉਂਦੀਆਂ ਸੰਸਥਾਵਾਂ ਵੱਲੋਂ ਸੈਂਕਸ਼ਨਿੰਗ ਅਥਾਰਟੀਆਂ ਨੂੰ ਭੇਜੇ ਗਏ ਡਾਟੇ ਦੀ ਮਿਤੀ 31-12-2014 ਸਵੇਰ ਤੱਕ ਦੀ ਰਿਪੋਰਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਵਿਭਾਗ ਦਾ ਨਾਂ | ਸੰਸਥਾ ਵੱਲੋਂ ਸੈਂਕਸ਼ਨਿੰਗ ਅਥਾਰਟੀਆਂ ਨੂੰ ਭੇਜੀਆਂ ਅਰਜੀਆਂ | ਸੈਂਕਸ਼ਨਿੰਗ ਅਥਾਰਟੀ ਵੱਲੋਂ ਪ੍ਰਵਾਨ ਕਰਨ ਉਪਰੰਤ ਭਲਾਈ ਵਿਭਾਗ ਨੂੰ ਪ੍ਰਾਪਤ ਡਾਟਾ | ਰੀਜੈਕਟ ਅਰਜੀਆਂ | ਸੈਕਸ਼ਨਿੰਗ ਅਥਾਰਟੀ ਵੱਲ, ਬਿਨਾਂ ਕੋਈ ਫੈਸਲੇ ਕੀਤੇ ਪੈਡਿੰਗ ਅਰਜੀਆਂ |
|---|---|---|---|---|---|
| 1 | ਐਨੀਮਲ ਹਸਬੈਂਡਰੀ | 45 | 45 | 0 | 0 |
| 2 | ਡੀ.ਪੀ.ਆਈ.(ਕਾ.) | 68255 | 41717 | 787 | 25751 |
| 3 | ਡੀ.ਪੀ.ਆਈ(ਸ) | 138686 | 129885 | 780 | 8021 |
| 4 | ਡੀ.ਆਰ.ਐਮ.ਈ | 8550 | 7990 | 60 | 500 |
| 5 | ਡੀ.ਟੀ.ਈ.(ਪੋਲੀ.) | 64331 | 56496 | 6576 | 1259 |
| 6 | ਡੀ.ਟੀ.ਈ.(ਆਈ.ਟੀ.ਆਈ) | 14337 | 13131 | 538 | 668 |
| 7 | ਐਸ.ਸੀ.ਈ.ਆਰ.ਟੀ | 2054 | 1951 | 69 | 34 |
| | ਕੁੱਲ ਜੋੜ | 296258 | 251215 | 8810 | 36233 |

ਉਕਤ ਡਾਟੇ ਤੋਂ ਸਪਸ਼ਟ ਹੈ ਕਿ ਸੈਂਕਸ਼ਨਿੰਗ ਅਥਾਰਟੀਜ਼ ਨੇ ਆਪਣੇ ਪਾਸ ਅਜੇ ਵੀ ਐਪਲੀਕੇਸ਼ਨਾਂ ਬਿਨ੍ਹਾਂ ਕਿਸੇ ਫੈਸਲੇ ਤੋਂ ਪੈਂਡਿੰਗ ਰੱਖੀਆਂ ਹਨ, ਜਦੋਂ ਕਿ ਸਬੰਧਤ ਸੰਸਥਾਵਾਂ ਨੇ ਵਿਦਿਆਰਥੀਆਂ ਦੇ ਸਕਾਲਰਸ਼ਿਪ ਲਈ ਆਨ ਲਾਈਨ ਡਾਟਾ ਸੈਂਕਸ਼ਨਿੰਗ ਅਥਾਰਟੀਜ਼ ਨੂੰ ਭੇਜ ਦਿੱਤਾ ਸੀ। ਅਜਿਹੀਆਂ ਸੈਂਕਸ਼ਨਿੰਗ ਅਥਾਰਟੀਆਂ ਦੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਸਬੰਧੀ ਰਿਪੋਰਟ ਤਰੰਤ ਇਸ ਦਫਤਰ ਨੂੰ ਭੇਜੀ ਜਾਵੇ।

ਜਿਹੜੇ ਯੋਗ ਵਿਦਿਆਰਥੀਆਂ ਦੇ result late ਹੋਣ ਕਾਰਨ permanent rejection ਹੋਈ ਹੈ, ਦਾ ਡਾਟਾ ਮਿਤੀ 20-1-2015 ਤੱਕ ਪੋਰਟਲ ਤੇ ਦਰਜ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਐਕਸਲ ਸ਼ੀਟ ਵਿਚ (ਹਾਰਡ ਅਤੇ ਸਾਫਟ ਕਾਪੀਆਂ) ਭਲਾਈ ਵਿਭਾਗ, ਪੰਜਾਬ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ। ਜਿਨ੍ਹਾਂ ਵਿਦਿਆਰਥੀਆਂ ਦੇ ਸਕਾਲਰਸ਼ਿਪ ਲਈ ਸੈਂਕਸ਼ਨਿੰਗ ਅਥਾਰਟੀਆਂ ਨੇ ਕੋਈ ਫੈਸਲਾ ਨਹੀਂ ਕੀਤਾ ਅਤੇ ਆਪਣੇ ਪਾਸ ਕੇਸ ਪੈਂਡਿੰਗ ਰੱਖੇ ਹਨ, ਉਹ ਕੇਸ ਮਿਤੀ 12-1-2015 ਤੋਂ 18-1-2015 (ਅੱਧੀ ਰਾਤ) ਤੱਕ ਪੋਰਟਲ ਖੁਲ੍ਹਣ ਤੇ ਆਨ ਲਾਈਨ ਭੇਜੇ ਜਾਣੇ ਯਕੀਨੀ ਬਣਾਏ ਜਾਣ।

ਡਾਇਰੈਕਟਰ।

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਐਸ.ਏ.ਐਸ.ਨਗਰ, ਪੰਜਾਬ

(ਵਜੀਫਾ ਸਾਖਾ)

ਪਿਠ ਅੰਕਣ ਨੰ: 26/1-14 ਵਜੀਫਾ(3) ਮਿਤੀ 15-1-15

ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ ਪੰਜਾਬ ਚੰਡੀਗੜ੍ਹ ਤੋਂ ਪ੍ਰਾਪਤ ਪੱਤਰ ਦਾ ਉਤਾਰਾ ਮੂਲ ਰੂਪ ਵਿੱਚ ਹੇਠ ਲਿਖਿਆ ਨੂੰ ਇੰਨਬਿੰਨ ਪਾਲਣਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1 ਸਮੂਹ ਮੰਡਲ ਸਿੱਖਿਆ ਅਫਸਰ (ਸੈ:ਸਿ) ਨਾਭਾ, ਫਰੀਦਕੋਟ ਅਤੇ ਜਲੰਧਰ ਨੂੰ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਆਉਂਦੇ ਜਿਲਿਆ ਨੂੰ ਹਦਾਇਤ ਕਰੋ ਕਿ ਜੋ ਐਪਲੀਕੇਸਨਾਂ ਉਹਨਾਂ ਦੇ ਪੱਧਰ ਤੇ ਪੈਡਿੰਗ ਹਨ ਉਹਨਾ ਨੂੰ ਦੋ ਦਿਨਾ ਦੇ ਅੰਦਰ-ਅੰਦਰ ਲਾਇਨ ਡਿਪਾਰਟਮੈਟ ਦਫਤਰ ਡੀ.ਪੀ.ਆਈ(ਸੈ:ਸਿ) ਪੰਜਾਬ ਤੇ ਭੇਜੀਆਂ ਜਾਵੇ।

2 ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ) /ਸਮੂਹ ਪ੍ਰਿੰਸੀਪਲ, ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੋ ਆਪ ਦੀ ਆਫਿਸ ਆਈ.ਡੀ. /ਸੈਕਸਨਿੰਗ ਅਥਾਰਟੀ ਪੱਧਰ ਤੇ ਵੈਬ ਸਾਇਟ ਪੋਰਟਲ ਤੇ ਐਪਲੀਕੇਸਨਾਂ ਪੈਡਿੰਗ ਸੋਅ ਹੋ ਰਹੀਆਂ ਹਨ ਨੂੰ ਦੋ ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜੀਆਂ ਜਾਣ ਕਿਉ ਕਿ ਸੈਕਸਨਿੰਗ ਅਥਾਰਟੀ ਲਈ ਵੇਬ ਸਾਇਟ ਪੋਰਟਲ ਤੇ ਮਿਤੀ 12-1-15 ਤੋਂ 18-1-15 ਤੱਕ ਦਾ ਸਮਾਂ ਦਿੱਤਾ ਗਿਆ ਹੈ , ਜੇਕਰ ਆਪ ਵੱਲੋਂ ਪੈਡਿੰਗ ਐਪਲੀਕੇਸਨਾ ਆਪਣੇ-ਆਪਣੇ ਪੱਧਰ ਤੋਂ ਅੱਗੇ ਨਹੀ ਭੇਜੀਆਂ ਗਈਆਂ ਤਾਂ ਸੈਕਸਨਿੰਗ ਅਥਾਰਟੀ ਦੇ ਵਿਰੁੱਧ ਅਨੁਸਾਸਨੀ ਕਾਰਵਾਈ ਕੀਤੀ ਜਾਵੇਗੀ ।

ਇਸ ਦਾ ਗੰਭੀਰ ਨੋਟਿਸ ਭਲਾਈ ਵਿਭਾਗ ਵਲੋ ਲਿਆ ਗਿਆ ਹੈ। ਉਹਨਾਂ ਸਕੂਲਾਂ ਦੀ ਜਿੰਨਾਂ ਦੀ ਪੋਰਟਲ ਤੇ ਪੇਡੇਸੀ ਸੋਅ ਹੋ ਰਹੀ ਹੈ ਉਹਨਾਂ ਦੇ ਸੈਕਸਨਿੰਗ ਅਥਾਰਟੀ ਦੇ ਨਾਮ ਅਤੇ ਸਕੂਲਾਂ ਦੀ ਲਿਸਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ, ਕਿਉ ਜੋ ਭਲਾਈ ਵਿਭਾਗ ਵੱਲੋਂ ਰਿਪੋਰਟ ਮੰਗੀ ਗਈ ਹੈ।

15/1/15
ਵਿਸੇਸ ਕਾਰਜ ਅਫਸਰ (ਵਜੀਫਾ)